# ਡਾਕਟਰੀ ਪਰਚੀ ਤੋਂ ਬਿਨਾਂ ਮਿਲਣ ਵਾਲੀਆਂ ਦਵਾਈਆਂ ਅਤੇ ਤੁਹਾਡੇ ਗੁਰਦੇ

BCRenal
Provincial Health Services Authority

▶ **ਜੇ ਤੁਹਾਨੂੰ ਗੁਰਦੇ ਦਾ ਕੋਈ ਪੁਰਾਣਾ ਰੋਗ ਹੈ, ਤਾਂ ਇਸ ਪਰਚੇ ਵਿੱਚ ਸ਼ਾਮਲ ਦਵਾਈਆਂ ਸਮੇਤ ਕੋਈ ਵੀ ਦਵਾਈਆਂ ਲੈਣ ਤੋਂ ਪਹਿਲਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਫਾਰਮਾਸਿਸਟ ਨਾਲ ਗੱਲ ਕਰੋ। ਕਦੇ ਵੀ ਕਿਸੇ ਵੀ ਦਵਾਈ ਨੂੰ ਉਸ ਦੀ ਸਿਫਾਰਸ਼ ਕੀਤੀ ਖ਼ੁਰਾਕ ਤੋਂ ਵੱਧ ਮਿਕਦਾਰ ਵਿੱਚ ਨਾ ਲਓ। ਕਾਊਂਟਰ ਤੋਂ (ਪ੍ਰਿਸਕ੍ਰਿਪਸ਼ਨ ਭਾਵ ਡਾਕਟਰੀ ਪਰਚੀ ਤੋਂ ਬਿਨਾਂ) ਮਿਲਣ ਵਾਲੀਆਂ ਦਵਾਈਆਂ ਦਾ ਲੇਬਲ ਧਿਆਨ ਨਾਲ ਪੜ੍ਹੋ ਅਤੇ ਹਿਦਾਇਤਾਂ ਦੀ ਪਾਲਣਾ ਕਰੋ।**

## ਕਿਉਂ?

ਗੁਰਦੇ ਕਈ ਦਵਾਈਆਂ ਨੂੰ ਸਰੀਰ ਵਿੱਚੋਂ ਕੱਢਣ ਦਾ ਕੰਮ ਕਰਦੇ ਹਨ। ਜੇ ਤੁਹਾਡੇ ਗੁਰਦੇ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੇ ਤਾਂ **ਦਵਾਈਆਂ ਤੁਹਾਡੇ ਸਰੀਰ ਅੰਦਰ ਜਮ੍ਹਾਂ ਹੋ ਸਕਦੀਆਂ ਹਨ ਅਤੇ ਇਸ ਦੇ ਅਣਚਾਹੇ ਗੌਣ ਪ੍ਰਭਾਵ ਹੋ ਸਕਦੇ ਹਨ।**

ਜੇ ਤੁਹਾਨੂੰ ਗੁਰਦਿਆਂ ਦਾ ਰੋਗ ਹੈ ਤਾਂ ਇੱਥੇ ਆਮ ਤੌਰ 'ਤੇ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਕੁਝ ਉਨ੍ਹਾਂ ਦਵਾਈਆਂ ਦੀ ਸੂਚੀ ਦਿੱਤੀ ਗਈ ਹੈ ਜਿਨ੍ਹਾਂ ਨੂੰ ਲੈਣਾ ਜਾਂ ਨਾ ਲੈਣਾ ਤੁਹਾਡੇ ਵਾਸਤੇ ਠੀਕ ਹੈ। ਇਹ ਇੱਕ ਮੁਕੰਮਲ ਸੂਚੀ ਨਹੀਂ ਹੈ। ਜੇ ਤੁਹਾਨੂੰ ਕੋਈ ਸ਼ੰਕਾ ਹੋਵੇ ਤਾਂ ਆਪਣੇ ਡਾਕਟਰ, ਫਾਰਮਾਸਿਸਟ ਜਾਂ ਕਿਡਨੀ ਕੇਅਰ ਕਲੀਨਿਕ ਨਾਲ ਸਲਾਹ-ਮਸ਼ਵਰਾ ਕਰੋ (ਇਸ ਸੂਚੀ ਨੂੰ ਆਪਣੇ ਨਾਲ ਲਿਆਓ)।

ਜੇ ਤੁਸੀਂ ਇਮਿਊਨ ਸਿਸਟਮ (ਬਿਮਾਰੀਆਂ ਨਾਲ ਲੜਨ ਦੀ ਸਰੀਰ ਦੀ ਕੁਦਰਤੀ ਪ੍ਰਣਾਲੀ) ਨੂੰ ਦਬਾਉਣ ਵਾਲੀਆਂ ਦਵਾਈਆਂ ਲੈ ਰਹੇ ਹੋ ਤਾਂ ਹੋ ਸਕਦਾ ਹੈ ਕਿ ਕੁਝ ਵੈਕਸੀਨਾਂ (ਲਾਈਵ ਵੈਕਸੀਨਾਂ) ਤੁਹਾਡੇ ਵਾਸਤੇ ਸੁਰੱਖਿਅਤ ਨਾ ਹੋਣ। ਟੀਕਾ ਲਗਵਾਉਣ ਤੋਂ ਪਹਿਲਾਂ ਆਪਣੇ ਡਾਕਟਰ ਜਾਂ ਫਾਰਮਾਸਿਸਟ ਤੋਂ ਪੁੱਛੋ।

ਜੇ ਤੁਸੀਂ ਸਿਗਰੇਟ ਪੀਂਦੇ ਹੋ ਅਤੇ ਛੱਡਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇਹ ਦੇਖੋ:

- Get help quitting tobacco (ਸਿਗਰੇਟਨੋਸ਼ੀ ਛੱਡਣ ਵਾਸਤੇ ਮਦਦ ਹਾਸਲ ਕਰੋ)
- QuitNow.ca

**ਇਸ ਬ੍ਰੋਸ਼ਰ ਨੂੰ ਬੀ.ਸੀ. ਰੀਨਲ ਦੀ ਵੈੱਬਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ:**
bcrenal.ca

Provincial Health Services Authority · BC Children's Hospital · fraserhealth · Interior Health · island health · northern health · Providence Health Care · Vancouver CoastalHealth

# ਕਾਉਂਟਰ ਤੋਂ (ਡਾਕਟਰੀ ਪਰਚੀ ਤੋਂ ਬਿਨਾਂ) ਮਿਲਣ ਵਾਲੀਆਂ ਦਵਾਈਆਂ

| ਕਿਸਮ | ਲੈਣੀਆਂ ਠੀਕ ਹਨ | ਨਾ ਲਓ | ਨਾ ਲਓ ਕਿਉਂਕਿ... |
|---|---|---|---|
| **ਐਂਟਾਸਿਡ (ਖਟਾਈ ਮਾਰ) ਦਵਾਈਆਂ** | • **ਟਮਜ਼** (ਕੈਲਸ਼ੀਅਮ ਕਾਰਬੋਨੇਟ), ਰੈਨੀਟੀਡਾਈਨ (**ਜ਼ੈਨਟੈਕ** 75) ਜਾਂ ਫੈਮੋਟੀਡਾਈਨ (**ਪੈਪਸਿਡ-ਏ.ਸੀ.**) ਨੂੰ ਲੋੜ ਮੁਤਾਬਕ ਲਿਆ ਜਾ ਸਕਦਾ ਹੈ।<br>• ਓਮੇਪ੍ਰਾਜ਼ੋਲ ਜਾਂ ਇਸੋਮੇਪ੍ਰਾਜ਼ੋਲ ਨੂੰ ਵੀ ਲੋੜ ਮੁਤਾਬਕ ਲਿਆ ਜਾ ਸਕਦਾ ਹੈ।<br>• ਜੇ ਤੁਹਾਨੂੰ ਬਾਕਾਇਦਾ ਕੁਝ ਲੈਣ ਦੀ ਲੋੜ ਹੈ ਤਾਂ ਆਪਣੇ ਡਾਕਟਰ ਜਾਂ ਫਾਰਮਾਸਿਸਟ ਨਾਲ ਗੱਲ ਕਰੋ। | • ਐਂਟਾਸਿਡ ਜਿਨ੍ਹਾਂ ਵਿੱਚ ਅਲੂਮਨਮ, ਮੈਗਨੀਸੀਅਮ (**ਮਾਲੋਕਸ, ਮਾਈਲੈਂਟਾ, ਗੈਵਿਸਕੋਨ**) ਜਾਂ ਸੋਡੀਅਮ (**ਐਲਕਾਸੈਲਟਜ਼ਰ**) ਹੁੰਦਾ ਹੈ। | • ਹੋ ਸਕਦਾ ਹੈ ਕਿ ਤੁਹਾਡੇ ਗੁਰਦੇ ਵਾਧੂ ਅਲੂਮਨਲ, ਮੈਗਨੀਸੀਅਮ ਅਤੇ ਸੋਡੀਅਮ ਨੂੰ ਸਰੀਰ ਤੋਂ ਬਾਹਰ ਕੱਢ ਸਕਣ ਦੇ ਯੋਗ ਨਾ ਹੋਣ। ਸਰੀਰ ਅੰਦਰ ਇਨ੍ਹਾਂ ਦਾ ਜਮ੍ਹਾਂ ਹੋਣਾ ਅਣਚਾਹੇ ਪ੍ਰਭਾਵਾਂ ਦਾ ਕਾਰਣ ਬਣ ਸਕਦਾ ਹੈ।<br>• ਵਾਧੂ ਸੋਡੀਅਮ ਕਾਰਣ ਤੁਹਾਡਾ ਬਲੱਡ ਪ੍ਰੈਸ਼ਰ ਵਧ ਸਕਦਾ ਹੈ। |
| **ਐਂਟੀ-ਡਾਇਰੀਆ (ਦਸਤ ਵਿਰੋਧੀ) ਦਵਾਈਆਂ** | • ਲੋਪਰਾਮਾਈਡ (**ਆਈਮੋਡੀਅਮ**), ਕਾਓਲਿਨ-ਪੇਕਟਿਨ (**ਕਾਓਪੈਕਟੇਟ**) ਲੋੜ ਮੁਤਾਬਕ ਲਏ ਜਾਣ ਲਈ ਸੁਰੱਖਿਅਤ ਹਨ।<br>• ਜੇ 2 ਦਿਨ ਤੋਂ ਵੱਧ ਸਮੇਂ ਲਈ ਦਸਤ ਜਾਰੀ ਰਹਿਣ ਜਾਂ ਇਸ ਨਾਲ ਬੁਖਾਰ ਵੀ ਹੋ ਜਾਵੇ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ। | • ਬਿਸਮਥ ਸਬਸੈਲੀਸਾਇਲੇਟ (**ਪੈਪਟੋ-ਬਿਸਮੋਲ**) | • ਇਸ ਪ੍ਰੋਡੱਕਟ ਵਿੱਚ ਸੈਲੀਸਾਇਲਿਕ ਐਸਿਡ ਹੁੰਦਾ ਹੈ ਜਿਸ ਕਾਰਣ ਤੁਹਾਡੇ ਗੁਰਦਿਆਂ ਨੂੰ ਨੁਕਸਾਨ ਹੋ ਸਕਦਾ ਹੈ। |
| **ਐਂਟੀਹਿਸਟਾਮਾਈਨਜ਼ (ਹੇਅ-ਫੀਵਰ ਜਾਂ ਨੱਕ ਵਗਣ ਲਈ)** | • ਕਲੋਰਫਿਨੇਰੇਮਾਈਨ (**ਕਲੋਰ-ਟ੍ਰਿਪੋਲੋਨ**) ਜਾਂ ਡਿਫੇਨਹਾਈਡ੍ਰਾਮਾਈਨ (**ਬੈਨੇਡ੍ਰਿਲ**) ਇਸਤੇਮਾਲ ਕਰਨ ਲਈ ਸੁਰੱਖਿਅਤ ਹਨ ਪਰ ਇਨ੍ਹਾਂ ਕਾਰਣ ਤੁਹਾਨੂੰ ਸੁਸਤੀ ਮਹਿਸੂਸ ਹੋ ਸਕਦੀ ਹੈ।<br>• ਲੋਰਾਟਾਡਾਈਨ (**ਕਲੈਰਿਟਿਨ**), ਡੇਸਲੋਰਾਟਾਡਾਈਨ (ਏਰੀਅਸ) ਜਾਂ ਸੈਟਰਾਜ਼ਾਈਨ (ਰੀਐਕਟੀਨ) ਦੀ **ਆਮ ਨਾਲੋਂ ਅੱਧੀ ਖ਼ੁਰਾਕ।**<br>• ਐਲਰਜੀ ਕਾਰਣ ਨੱਕ ਬੰਦ ਹੋਣ ਲਈ, ਨੱਕ ਵਾਸਤੇ ਸਟੀਰੋਇਡ ਟ੍ਰਾਈਐਮਸੀਨੋਲੋਨ (**ਨੈਸੋਕੋਟਰ**) ਜਾਂ ਫਲੂਟੀਕਾਸੋਨ (**ਫਲੋਨੇਜ਼**), ਨੇਜ਼ਲ ਸੋਡੀਅਮ ਕ੍ਰੋਮੋਗਲਾਈਕੇਟ (**ਕ੍ਰੋਮੋਲਿਨ**) ਅਤੇ ਨੱਕ ਲਈ ਖਾਰੇ ਪਾਣੀ ਵਾਲੇ ਸਪ੍ਰੇ (**ਸੈਲੀਨੈਕਸ, ਹਾਈਡ੍ਰਸੈਂਸ**) ਸੁਰੱਖਿਅਤ ਵਿਕਲਪ ਹਨ। | • ਐਂਟੀਹਿਸਟਾਮਾਈਨਜ਼ ਦੀਆਂ ਉਨ੍ਹਾਂ ਕਿਸਮਾਂ ਦੀ ਪੂਰੀ ਖ਼ੁਰਕਾ ਜਿਨ੍ਹਾਂ ਕਾਰਣ ਤੁਹਾਨੂੰ ਸੁਸਤੀ ਨਹੀਂ ਚੜ੍ਹਦੀ, ਜਿਵੇਂ ਕਿ ਲੋਰਾਟਾਡਾਈਨ (**ਕਲੈਰਿਟਿਨ**), ਡੇਸਲੋਰਾਟਾਡਾਈਨ (**ਏਰੀਅਸ**) ਅਤੇ ਸੈਟਰਾਜ਼ਾਈਨ (**ਰੀਐਕਟੀਨ**)। | • ਹੋ ਸਕਦਾ ਹੈ ਕਿ ਤੁਹਾਡੇ ਗੁਰਦੇ ਕੁਝ ਐਂਟੀਹਿਸਟਾਮਾਈਨਜ਼ ਨੂੰ ਤੁਹਾਡੇ ਸਰੀਰ ਵਿੱਚੋਂ ਬਾਹਰ ਨਾ ਕੱਢ ਸਕਣ। ਇਨ੍ਹਾਂ ਦੇ ਜਮ੍ਹਾਂ ਹੋਣ ਕਾਰਣ ਅਣਚਾਹੇ ਗੌਣ ਪ੍ਰਭਾਵ ਹੋ ਸਕਦੇ ਹਨ। |
| **ਜ਼ੁਖ਼ਾਮ/ਫਲੂ ਦੀਆਂ ਦਵਾਈਆਂ** | • ਨੱਕ ਉੱਪਰ ਲਗਾਏ ਜਾਣ ਵਾਲੇ ਸਪ੍ਰੇ ਜਿਵੇਂ ਕਿ ਜ਼ਾਇਲੋਮੇਟਾਜ਼ੋਲੀਨ (**ਓਟਰੀਵਿਨ**) ਨੂੰ 5 ਦਿਨਾਂ ਤੋਂ ਘੱਟ ਸਮੇਂ ਲਈ ਇਸਤੇਮਾਲ ਕਰਨਾ ਸ਼ਾਇਦ ਵਾਜਬ ਹੋਵੇ। ਆਪਣੇ ਡਾਕਟਰ ਜਾਂ ਫਾਰਮਾਸਿਸਟ ਨਾਲ ਗੱਲ ਕਰੋ।<br>• ਨੱਕ ਲਈ ਖਾਰੇ ਸਪ੍ਰੇ (**ਸੈਲੀਨੈਕਸ, ਹਾਈਡ੍ਰਾਸੈਂਸ**) ਇਸਤੇਮਾਲ ਕਰਨ ਲਈ ਸੁਰੱਖਿਅਤ ਹਨ। | • ਬੰਦ ਨੱਕ ਤੋਂ ਰਾਹਤ ਲਈ ਮੂੰਹ ਰਾਹੀਂ ਲਈਆਂ ਜਾਣ ਵਾਲੀਆਂ ਦਵਾਈਆਂ ਜਿਵੇਂ ਕਿ ਸੂਡੋਐਫੇਡ੍ਰਾਈਨ (**ਸੂਡਾਫੈੱਡ**) ਜਾਂ ਖੰਘ ਅਤੇ ਜ਼ੁਖਾਮ ਦੇ ਅਨੇਕਾਂ ਉਤਪਾਦਾਂ ਵਿੱਚ ਮੌਜੂਦ ਫਿਨਾਈਲਫ੍ਰਿਨ।<br>• ਕਈ ਸਮੱਗਰੀਆਂ ਵਾਲੇ ਉਤਪਾਦ (**ਜਿਵੇਂ ਕਿ ਡਾਈਮਟੈਪ, ਨਿਓਸਿਟਰੈਨ, ਟਾਇਲੇਨੋਲ ਕੋਲਡ ਐਂਡ ਸਾਈਨਸ, ਕੋਨਟੈਕਟ-ਸੀ**) | • ਬੰਦ ਨੱਕ ਤੋਂ ਰਾਹਤ ਲਈ ਮੂੰਹ ਰਾਹੀਂ ਲਈਆਂ ਜਾਣ ਵਾਲੀਆਂ ਦਵਾਈਆਂ ਕਾਰਣ ਬਲੱਡ ਪ੍ਰੈਸ਼ਰ ਵਧ ਸਕਦਾ ਹੈ ਅਤੇ ਇਸ ਕਾਰਣ ਤੁਹਾਡੇ ਦਿਲ ਅਤੇ ਗੁਰਦਿਆਂ ਨੂੰ ਲੋੜ ਤੋਂ ਵੱਧ ਮਿਹਨਤ ਕਰਨੀ ਪੈ ਸਕਦੀ ਹੈ।<br>• ਜਿਨ੍ਹਾਂ ਉਤਪਾਦਾਂ ਵਿੱਚ ਕਈ ਸਮੱਗਰੀਆਂ ਹੁੰਦੀਆਂ ਹਨ ਆਮ ਤੌਰ ’ਤੇ ਉਨ੍ਹਾਂ ਵਿੱਚ ਬੰਦ ਨੱਕ ਤੋਂ ਰਾਹਤ ਲਈ ਮੂੰਹ ਰਾਹੀਂ ਲਈ ਜਾਣ ਵਾਲੀ ਦਵਾਈ ਵੀ ਹੁੰਦੀ ਹੈ – ਲੇਬਲ ਪੜ੍ਹੋ। |
| **ਕਲੋਨੋਸਕੋਪੀ ਲਈ ਤਿਆਰੀ ਕਰਨੀ** | ਪੀ.ਈ.ਜੀ.-3350 ਸੋਲੀਊਸ਼ਨਜ਼ ਜਿਨ੍ਹਾਂ ਵਿੱਚ ਇਲੈਕਟ੍ਰੋਲਾਈਟ ਨਹੀਂ ਹੁੰਦੇ | • ਮੂੰਹ ਰਾਹੀਂ ਲਿਆ ਜਾਣ ਵਾਲਾ ਫਾਸਫੇਟ ਜਿਸ ਵਿੱਚ ਆਂਤੜੀਆਂ ਨੂੰ ਤਿਆਰ ਕਰਨ ਲਈ ਤੱਤ ਸ਼ਾਮਲ ਹੁੰਦੇ ਹਨ। | • ਹੋ ਸਕਦਾ ਹੈ ਕਿ ਤੁਹਾਡੇ ਗੁਰਦੇ ਵਾਧੂ ਫਾਸਫੇਟ ਨੂੰ ਤੁਹਾਡੇ ਸਰੀਰ ਵਿੱਚੋਂ ਨਾ ਕੱਢ ਸਕਣ। ਇਨ੍ਹਾਂ ਦੇ ਜਮ੍ਹਾਂ ਹੋਣ ਕਾਰਣ ਅਣਚਾਹੇ ਗੌਣ ਪ੍ਰਭਾਵ ਹੋ ਸਕਦੇ ਹਨ। |
| **ਖੰਘ ਦੀਆਂ ਦਵਾਈਆਂ (6 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਵਾਸਤੇ ਇਸਤੇਮਾਲ ਲਈ ਸੁਰੱਖਿਅਤ ਨਹੀਂ)** | • ਡਾਈਬੀਟੀਜ਼ ਵਾਲੇ ਵਿਅਕਤੀਆਂ ਲਈ ਖੰਘ ਵਾਲਾ ਕੋਈ ਵੀ ਖੰਡ-ਰਹਿਤ ਸਿਰਪ।<br>• ਜੇ ਖੰਘ ਨਾਲ ਬਲਗ਼ਮ ਆਵੇ, ਗੁਆਏਪੈਨੀਸਿਨ (**ਰੌਬੀਟੂਸਸਿਨ** ਸਿਰਪ) ਵਰਤੋ।<br>• ਖ਼ੁਸ਼ਕ ਖੰਘ ਲਈ, ਡੇਕਸਟ੍ਰੋਮੇਥੋਰਫੇਨ ਜਾਂ ਡੀ.ਐੱਮ. (**ਬੈਨੀਡ੍ਰਿਲ ਡੀ.ਐੱਮ.** ਜਾਂ **ਰੌਬੀਟੂਸਸਿਨ ਡੀ.ਐੱਮ.** ਸਿਰਪ) ਵਰਤੋ। | • ਜੇ ਤੁਹਾਨੂੰ ਡਾਈਬੀਟੀਜ਼ ਹੈ ਤਾਂ ਖੰਘ ਦੇ ਅਜਿਹੇ ਸਿਰਪ ਜਿਨ੍ਹਾਂ ਵਿੱਚ ਖੰਡ ਹੁੰਦੀ ਹੈ।<br>• ਕਈ ਸਮੱਗਰੀਆਂ ਵਾਲੇ ਉਤਪਾਦ (ਜਿਵੇਂ ਕਿ **ਰੌਬੀਟੂਸਸਿਨ ਕਫ਼ ਐਂਡ ਕੋਲਡ, ਬੈਨੀਲਿਨ ਕਫ਼ ਐਂਡ ਕੋਲਡ, ਬੈਨੀਲਿਨ ਕਫ਼ ਐਂਡ ਚੈਸਟ ਕੰਜੈਸ਼ਨ** ਸਿਰਪ) | • ਖੰਘ ਤੋਂ ਰਾਹਤ ਲਈ ਖੰਡ ਵਾਲੇ ਸਿਰਪ ਡਾਈਬੀਟੀਜ਼ ਵਾਲੇ ਲੋਕਾਂ ਵਿੱਚ ਸ਼ੂਗਰ ਦੇ ਪੱਧਰ ਵਿੱਚ ਗੜਬੜ ਕਰ ਸਕਦੇ ਹਨ।<br>• ਜਿਨ੍ਹਾਂ ਉਤਪਾਦਾਂ ਵਿੱਚ ਕਈ ਸਮੱਗਰੀਆਂ ਹੁੰਦੀਆਂ ਹਨ ਆਮ ਤੌਰ ’ਤੇ ਉਨ੍ਹਾਂ ਵਿੱਚ ਬੰਦ ਨੱਕ ਤੋਂ ਰਾਹਤ ਲਈ ਮੂੰਹ ਰਾਹੀਂ ਲਈ ਜਾਣ ਵਾਲੀ ਦਵਾਈ ਵੀ ਹੁੰਦੀ ਹੈ – ਲੇਬਲ ਪੜ੍ਹੋ। |

## ਕਾਊਂਟਰ ਤੋਂ (ਡਾਕਟਰੀ ਪਰਚੀ ਤੋਂ ਬਿਨਾਂ) ਮਿਲਣ ਵਾਲੀਆਂ ਦਵਾਈਆਂ

| ਕਿਸਮ | ਲੈਣੀਆਂ ਠੀਕ ਹਨ | ਨਾ ਲਓ | ਨਾ ਲਓ ਕਿਉਂਕਿ... |
|---|---|---|---|
| **ਬੁਖਾਰ/ਦਰਦ ਨਿਵਾਰਕ ਦਵਾਈਆਂ** | • ਅਸੀਟਾਮਿਨੇਫੇਨ (**ਟਾਇਲੇਨੋਲ**)<br>• ਐਸਟਾਈਲਸੈਲਿਸਿਲਕ ਐਸਿਡ 75 ਤੋਂ 81 ਐੱਮ.ਜੀ. (**ਬੇਬੀ ਐਸਪ੍ਰਿਨ**) ਜੇ ਉਮਰ 19 ਸਾਲ ਤੋਂ ਵੱਧ ਹੈ ਅਤੇ ਦਿਲ ਦਾ ਦੌਰਾ ਪੈਣ ਜਾਂ ਸਟ੍ਰੋਕ ਹੋਣ ਤੋਂ ਬਚਾਅ ਲਈ ਜੇ ਤੁਹਾਡੇ ਡਾਕਟਰ ਵੱਲੋਂ ਇਸ ਦੀ ਸਿਫਾਰਸ਼ ਕੀਤੀ ਗਈ ਹੈ।<br>• ਡਾਕਟਰੀ ਪਰਚੀ ਤੋਂ ਬਿਨਾਂ ਮਿਲਣ ਵਾਲੀ ਅਤੇ ਚਮੜੀ 'ਤੇ ਮਲ਼ੀ ਜਾਣ ਵਾਲੀ ਡਿਕਲੋਫਿਨੈਕ (ਵੋਲਟੈਰਨ ਐਮਿਊਲਜੈੱਲ) ਨੂੰ ਲੋੜ ਅਨੁਸਾਰ ਜਾਂ ਥੋੜ੍ਹੇ ਸਮੇਂ ਲਈ (1 ਹਫ਼ਤੇ ਤੋਂ ਘੱਟ ਸਮੇਂ ਤਕ) ਇਸਤੇਮਾਲ ਕੀਤਾ ਜਾ ਸਕਦਾ ਹੈ। | • ਸੋਜਿਸ਼ ਵਿਰੋਧੀ ਦਵਾਈਆਂ ਜਿਵੇਂ ਕਿ ਆਈਬੂਪ੍ਰੋਫੇਨ (**ਐਡਵਿਲ, ਮੋਟਰਿਨ**), ਨੈਪਰੋਕਸੇਨ (**ਅਲੀਵ**) ਜਾਂ ਐਸਟਾਈਲਸੈਲਿਸਿਲਕ ਐਸਿਡ (**ਐਸਪ੍ਰਿਨ** ਜਾਂ **ਐਂਟ੍ਰੋਫੇਨ**) ਦੀਆਂ ਰੋਜ਼ਾਨਾ 325 ਐੱਮ.ਜੀ. ਦੀਆਂ ਖ਼ੁਰਾਕਾਂ।<br>• ਐਸਟਾਈਲਸੈਲਿਸਿਲਕ ਐਸਿਡ (**ਐਸਪ੍ਰਿਨ**) ਜੇ ਉਮਰ 19 ਸਾਲ ਤੋਂ ਘੱਟ ਹੈ। | • ਸੋਜਿਸ਼ ਵਿਰੋਧੀ ਦਵਾਈਆਂ ਬਲੱਡ ਪ੍ਰੈਸ਼ਰ ਵਧਾ ਸਕਦੀਆਂ ਹਨ, ਇਨ੍ਹਾਂ ਕਾਰਣ ਸਰੀਰ ਵਿੱਚ ਪਾਣੀ ਜਮ੍ਹਾਂ ਰਹਿ ਸਕਦਾ ਹੈ ਅਤੇ ਇਸ ਦਾ ਤੁਹਾਡੇ ਗੁਰਦਿਆਂ ਨੂੰ ਨੁਕਸਾਨ ਹੋ ਸਕਦਾ ਹੈ। |
| **ਪਖਾਨਾ ਨਰਮ ਕਰਨ ਵਾਲੇ ਪਦਾਰਥ (ਲੈਗਜ਼ੇਟਿਵ)** | • ਡਾਕਿਊਸੇਟ (**ਕੋਲੇਸ**) – ਟੱਟੀ ਨੂੰ ਨਰਮ ਕਰਨ ਵਾਲਾ ਪਦਾਰਥ ਤਾਂ ਕਿ ਘੱਟ ਜ਼ੋਰ ਲਗਾਉਣਾ ਪਏ<br>• **ਲੈਕਟੂਲੋਸ** ਸਿਰਪ ਅਤੇ ਪੌਲੀਐਥੀਲੀਨ ਗਲਾਈਕੋਲ 3350 ਪਾਊਡਰ (**ਲੈਕਸ-ਏ-ਡੇਅ** ਜਾਂ **ਰੈਸਟੋਰਾਲੈਕਸ**) ਕਬਜ਼ ਦੀ ਰੋਕਥਾਮ ਅਤੇ ਇਲਾਜ ਵਾਸਤੇ ਲੰਮੇ ਸਮੇਂ ਤਕ ਲੈਣ ਲਈ ਸੁਰੱਖਿਅਤ ਹਨ।<br>• ਸੈਨੋਸਾਈਡਜ਼ (**ਸੈਨੋਕੋਟ**) ਅਤੇ ਬਿਸਾਕੋਡਿਲ (**ਡੂਲਕੋਲੈਕਸ**) ਥੋੜ੍ਹੀ ਦੇਰ ਤਕ ਕਬਜ਼ ਤੋਂ ਰਾਹਤ ਜਾਂ "ਜ਼ਰੂਰਤ ਅਨੁਸਾਰ" ਲਏ ਜਾਣ ਵਾਸਤੇ ਸੁਰੱਖਿਅਤ ਹਨ। | • ਅਜਿਹੇ ਲੈਗਜ਼ੇਟਿਵ ਜਿਨ੍ਹਾਂ ਵਿੱਚ ਮੈਗਨੀਸ਼ੀਅਮ ਜਾਂ ਫੌਸਫੇਟ ਹੁੰਦਾ ਹੈ (**ਮਿਲਕ ਔਫ਼ ਮੈਗਨੀਸ਼ੀਆ, ਫਲੀਟ ਅਨੀਮਾ** ਜਾਂ **ਓਰਲ ਫਲੀਟ**) | • ਹੋ ਸਕਦਾ ਹੈ ਕਿ ਤੁਹਾਡੇ ਗੁਰਦੇ ਵਾਧੂ ਮੈਗਨੀਸ਼ੀਅਮ ਜਾਂ ਫਾਸਫੇਟ ਨੂੰ ਸਰੀਰ ਵਿੱਚੋਂ ਬਾਹਰ ਨਾ ਕੱਢ ਸਕਣ।<br>• ਲੈਗਜ਼ੇਟਿਵਜ਼ ਕਾਰਣ ਦਸਤ ਲੱਗ ਸਕਦੇ ਹਨ ਅਤੇ ਸਰੀਰ ਵਿੱਚ ਪਾਣੀ ਦੀ ਕਮੀ ਹੋ ਸਕਦੀ ਹੈ ਜਿਸ ਦਾ ਤੁਹਾਡੇ ਗੁਰਦਿਆਂ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ। |
| **ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ** | • ਡਾਇਮੇਨਹਾਈਡ੍ਰੇਟ (ਗ੍ਰੈਵੋਲ) | • ਜੇ ਬਹੁਤ ਭੈੜਾ ਫਲੂ ਜਾਂ ਬਹੁਤ ਬਿਮਾਰ ਹੋਣ ਕਾਰਣ ਤੁਹਾਨੂੰ ਉਲਟੀਆਂ ਜਾਂ ਦਸਤ ਲੱਗੇ ਹਨ ਅਤੇ ਤੁਸੀਂ ਆਮ ਵਾਂਗ ਕੁਝ ਵੀ ਖਾਣ ਜਾਂ ਪੀਣ ਦੇ ਯੋਗ ਨਹੀਂ ਹੋ ਤਾਂ ਆਪਣੇ ਡਾਕਟਰ ਜਾਂ ਨਰਸ ਨਾਲ ਸੰਪਰਕ ਕਰੋ। | • ਜੇ ਤੁਸੀਂ ਬਿਮਾਰ ਹੋ ਅਤੇ ਆਮ ਵਾਂਗ ਕੁਝ ਵੀ ਖਾਣ ਜਾਂ ਪੀਣ ਦੇ ਯੋਗ ਨਹੀਂ ਹੋ ਤਾਂ ਤੁਹਾਡੇ ਸਰੀਰ ਵਿੱਚ ਪਾਣੀ ਦੀ ਕਮੀ ਹੋ ਸਕਦੀ ਹੈ। ਸਰੀਰ ਵਿੱਚ ਪਾਣੀ ਦੀ ਕਮੀ ਕਾਰਣ ਤੁਹਾਡੇ ਗੁਰਦਿਆਂ ਦੀ ਕਾਰਗੁਜ਼ਾਰੀ ਅਤੇ ਤੁਹਾਡੇ ਬਲੱਡ ਪ੍ਰੈਸ਼ਰ ਉੱਪਰ ਅਸਰ ਪੈਂਦਾ ਹੈ। |
| **ਗਲ਼ਾ ਖ਼ਰਾਬ ਹੋਣਾ** | • ਅਸੀਟਾਮਿਨੇਫੇਨ (**ਟਾਇਲੇਨੋਲ**)<br>• **ਹੌਲਜ਼** ਜਾਂ **ਬ੍ਰਾਡੋਸੋਲ** ਜੇ ਤੁਹਾਨੂੰ ਡਾਈਬੀਟੀਜ਼ ਨਹੀਂ ਹੈ।<br>• **ਰਿਕੋਲਾ ਸ਼ੂਗਰ ਫ੍ਰੀ** ਜਾਂ **ਬੈਂਟਾਸਿਲ ਸ਼ੂਗਰ ਫ੍ਰੀ** ਜੇ ਤੁਹਾਨੂੰ ਡਾਈਬੀਟੀਜ਼ ਹੈ। | • ਜੇ ਤੁਹਾਨੂੰ ਡਾਈਬੀਟੀਜ਼ ਹੈ ਤਾਂ ਗਲ਼ੇ ਦੀਆਂ ਅਜਿਹੀਆਂ ਲੋਜ਼ੈਨਜਿਜ਼ ਲੈਣ ਤੋਂ ਪਰਹੇਜ਼ ਕਰੋ ਜਿਨ੍ਹਾਂ ਵਿੱਚ ਸ਼ੂਗਰ ਹੁੰਦੀ ਹੈ।<br>• ਗਲ਼ੇ ਦੀਆਂ ਸ਼ੂਗਰ-ਰਹਿਤ ਲੋਜ਼ੈਨਜਿਜ਼ ਜਿਨ੍ਹਾਂ ਵਿੱਚ ਐਸਲਫੇਮ ਪੋਟਾਸ਼ੀਅਮ ਨਾਂ ਦਾ ਨਕਲੀ ਮਿੱਠਾ ਹੁੰਦਾ ਹੈ, ਜਿਵੇਂ ਕਿ **ਹਾਲਾਜ਼, ਕਲੋਰਾਸੈਪਟਿਕ, ਫਿਸ਼ਰਮੈਨਜ਼ ਫ੍ਰੈਂਡ ਸ਼ੂਗਰ-ਫ੍ਰੀ** | • ਗਲ਼ੇ ਦੀਆਂ ਆਮ ਲੋਜ਼ੈਨਜਿਜ਼ ਨੂੰ ਲੋੜ ਤੋਂ ਵੱਧ ਮਿਕਦਾਰ ਵਿੱਚ ਲੈਣ ਨਾਲ ਡਾਈਬੀਟੀਜ਼ ਵਾਲੇ ਵਿਅਕਤੀਆਂ ਵਾਸਤੇ ਆਪਣੇ ਸ਼ੂਗਰ ਦੇ ਪੱਧਰ ਨੂੰ ਕਾਬੂ ਕਰਨਾ ਮੁਸ਼ਕਲ ਹੋ ਸਕਦਾ ਹੈ।<br>• ਐਸਲਫੇਮ ਪੋਟਾਸ਼ੀਅਮ ਵਾਲੀਆਂ ਗਲ਼ੇ ਦੀਆਂ ਸ਼ੂਗਰ-ਫ੍ਰੀ ਲੋਜ਼ੈਨਜਿਜ਼ ਕਾਰਣ ਖ਼ੂਨ ਵਿੱਚ ਪੋਟਾਸ਼ੀਅਮ ਦਾ ਪੱਧਰ ਵਧ ਸਕਦਾ ਹੈ। |
| **ਹਰਬਲ/ਬਦਲਵੀਂ ਪ੍ਰਣਾਲੀ ਦੀਆਂ ਦਵਾਈਆਂ ਅਤੇ ਵਿਟਾਮਿਨ** | • ਆਪਣੇ ਡਾਕਟਰ ਜਾਂ ਫਾਰਮਾਸਿਸਟ ਨਾਲ ਗੱਲ ਕਰੋ ਕਿ ਤੁਹਾਡੇ ਲਈ ਕਿਹੜੇ ਵਿਟਾਮਿਨ ਸਭ ਤੋਂ ਵਧੀਆ ਹੋ ਸਕਦੇ ਹਨ। | • ਆਪਣੇ ਡਾਕਟਰ ਜਾਂ ਫਾਰਮਾਸਿਸਟ ਨਾਲ ਗੱਲ ਕਰਨ ਤਕ ਬਦਲਵੀਂ ਪ੍ਰਣਾਲੀ ਵਾਲੀਆਂ ਜਾਂ ਹਰਬਲ ਦਵਾਈਆਂ ਲੈਣ ਤੋਂ ਗੁਰੇਜ਼ ਕਰੋ।<br>• ਇਨ੍ਹਾਂ ਵਿਟਾਮਿਨਾਂ ਤੋਂ ਪਰਹੇਜ਼ ਕਰੋ:<br>  • ਵਿਟਾਮਿਨ ਏ<br>  • ਵਿਟਾਮਿਨ ਸੀ ਦੀ ਉੱਚੀ ਖ਼ੁਰਾਕ<br>  • ਵਿਟਾਮਿਨ ਬੀ ਦੀ ਉੱਚੀ ਖ਼ੁਰਾਕ | • ਬਦਲਵੀਂ ਪ੍ਰਣਾਲੀ ਜਾਂ ਹਰਬਲ ਦਵਾਈਆਂ ਤੁਹਾਡੇ ਗੁਰਦਿਆਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ ਜਾਂ ਤੁਹਾਡੀਆਂ ਦੂਜੀਆਂ ਦਵਾਈਆਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।<br>• ਜਦੋਂ ਤੁਹਾਡੇ ਗੁਰਦੇ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੇ ਹੁੰਦੇ ਉਦੋਂ ਬਹੁਤੇ ਮਲਟੀ ਵਿਟਾਮਿਨ ਤੁਹਾਡੇ ਲਈ ਨੁਕਸਾਨਦੇਹ ਹੋ ਸਕਦੇ ਹਨ। |